# ਪ੍ਰਧਾਨ ਮੰਤਰੀ ਦੇ ਸਲਾਹਕਾਰ ਦੀ ਪੋਲ ਖੁੱਲ੍ਹਣ ਮਗਰੋਂ ਖੁਫੀਆ ਤੰਤਰ ਦੀਆਂ ਉੱਡੀਆਂ ਧੱਜੀਆਂ

## ✪ ਜੰਮੂ-ਕਸ਼ਮੀਰ ਦੀ ਪੁਲੀਸ ਨੇ ਕੀਤਾ ਗ੍ਰਿਫ਼ਤਾਰ ✪ ਬੜਾ ਸੌਖਾ ਰਿਹਾ ਪੰਜਾਬ ਪੁਲੀਸ ਨੂੰ ਮੂਰਖ ਬਣਾਉਣਾ

ਮੁਹਾਲੀ-ਮੁਹਾਲੀ ਵਿਖੇ ਦੋ ਦਿਨ ਪਹਿਲਾਂ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦਾ ਸਿਆਸੀ ਸਲਾਹਕਾਰ ਦੱਸ ਕੇ ਕਾਂਗਰਸ ਲੀਡਰਸ਼ਿਪ ਅਤੇ ਪੰਜਾਬ ਪੁਲੀਸ ਕੋਲੋਂ ਸਰਕਾਰੀ ਮਹਿਮਾਨਨਿਵਾਜ਼ੀ ਕਰਵਾਉਣ ਵਾਲੇ ਮਨਮੋਹਨ ਸਿੰਘ ਨਾਂ ਦੇ ਵਿਅਕਤੀ ਨੂੰ ਆਖ਼ਰਕਾਰ ਬੀਤੇ ਦਿਨੀਂ ਜੰਮੂ-ਕਸ਼ਮੀਰ ਪੁਲੀਸ ਨੇ ਕਾਬੂ ਕਰਕੇ ਉਸ ਦੀ ਜਾਅਲਸਾਜ਼ੀ ਦਾ ਪਰਦਾਫਾਸ਼ ਕੀਤਾ। ਇਸ ਤਰ੍ਹਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਖ਼ੁਫ਼ੀਆ ਤੰਤਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ ਹੈ। ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਦਾ ਨਕਲੀ ਸਿਆਸੀ ਸਲਾਹਕਾਰ ਬੀਤੀ 11 ਜੁਲਾਈ ਨੂੰ ਇੱਥੋਂ ਦੇ ਫੇਜ਼-3 ਬੀ 2 ਦੀ ਮਾਰਕੀਟ ਵਿੱਚ ਸਥਿਤ ਭੈਣਾਂ ਦੀ ਹੱਟੀ (ਕੱਪੜੇ ਦੇ ਵਪਾਰੀ) ਦੇ ਸ਼ੋਅ ਰੂਮ ਵਿੱਚ ਆਇਆ ਸੀ। ਜਿੱਥੇ ਪਹਿਲਾਂ ਹੀ ਉਨ੍ਹਾਂ ਦੇ ਸਵਾਗਤ ਲਈ ਹਲਕਾ ਵਿਧਾਇਕ ਬਲਬੀਰ ਸਿੰਘ ਸੰਧੂ ਕਾਂਗਰਸੀ ਵਰਕਰਾਂ ਨਾਲ ਤਿਆਰੀ ਕਰਕੇ ਖੜ੍ਹੇ ਹੋਏ ਸੀ, ਉੱਥੇ ਮੁਹਾਲੀ ਜ਼ਿਲ੍ਹਾ ਪੁਲੀਸ ਪ੍ਰਸ਼ਾਸਨ ਵੱਲੋਂ ਵੀ ਸਖ਼ਤ ਸੁਰੱਖਿਆ ਇੰਤਜ਼ਾਮ ਕੀਤੇ ਗਏ ਸਨ ਅਤੇ ਪੁਲੀਸ ਦੀ ਜਿਪਸੀ ਮਨਮੋਹਨ ਸਿੰਘ ਨੂੰ ਐਸਕਾਰਟ ਕਰਕੇ ਸ਼ੋਅ ਰੂਮ ਤੱਕ ਲੈ ਕੇ ਆਈ ਸੀ।

ਇਹੀ ਨਹੀਂ ਇਸ ਵਿਅਕਤੀ ਵੱਲੋਂ ਮੁਹਾਲੀ ਦੇ ਪੱਤਰਕਾਰਾਂ ਨਾਲ ਪ੍ਰੈੱਸ ਕਾਨਫਰੰਸ ਵੀ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸੋਹਲੇ ਗਾਏ ਗਏ। ਦੁਕਾਨਦਾਰ ਰਮੇਸ਼ ਗੋਇਲ ਦਾ ਕਹਿਣਾ ਸੀ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਘਰ ਵਿੱਚ ਹਰਪ੍ਰੀਤ ਭੰਵਰਾ ਨਾਮ ਦਾ ਇੱਕ ਕਿਰਾਏਦਾਰ ਰਹਿੰਦਾ ਸੀ ਜੋ ਕਿ ਮੁਹਾਲੀ ਸਥਿਤ ਡੈੱਲ ਕੰਪਨੀ ਵਿੱਚ ਨੌਕਰੀ ਕਰਦਾ ਹੈ। ਉਸ ਦਾ ਸਾਢੂ ਨਰਿੰਦਰ ਸ਼ਰਮਾ ਦਿੱਲੀ ਵਿੱਚ ਰਹਿੰਦਾ ਹੈ ਅਤੇ ਕਿਰਾਏਦਾਰ ਕੋਲ ਆਉਣ ਜਾਣ ਕਾਰਨ ਉਨ੍ਹਾਂ ਦੀ ਨਰਿੰਦਰ ਨਾਲ ਵੀ ਜਾਣ-ਪਛਾਣ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਬੀਤੀ 10 ਜੁਲਾਈ ਨੂੰ ਉਨ੍ਹਾਂ ਨੂੰ ਦਿੱਲੀ ਤੋਂ ਨਰਿੰਦਰ ਸ਼ਰਮਾ, ਜਿਸ ਨੇ ਖ਼ੁਦ ਨੂੰ ਸਿਆਸੀ ਸਲਾਹਕਾਰ ਦਾ ਨਿੱਜੀ ਸਕੱਤਰ ਦੱਸਿਆ ਸੀ, ਦਾ ਫ਼ੋਨ ਆਇਆ ਸੀ ਕਿ 11 ਜੁਲਾਈ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਿਆਸੀ ਸਲਾਹਕਾਰ ਮਨਮੋਹਨ ਸਿੰਘ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਦੌਰੇ 'ਤੇ ਜਾ ਰਹੇ ਹਨ ਅਤੇ ਪੰਜਾਬ ਵਿੱਚ ਪ੍ਰਵੇਸ਼ ਕਰਨ ਵੇਲੇ ਉਹ ਕੁਝ ਸਮੇਂ ਲਈ ਉਨ੍ਹਾਂ ਕੋਲ ਰੁਕ ਸਕਦੇ ਹਨ। ਜਿਸ ਕਾਰਨ ਉਨ੍ਹਾਂ ਹਾਮੀ ਭਰ ਦਿੱਤੀ ਸੀ।

ਗੋਇਲ ਅਨੁਸਾਰ 10 ਜੁਲਾਈ ਨੂੰ ਹੀ ਸ਼ਾਮ ਵੇਲੇ ਉਨ੍ਹਾਂ ਕੋਲ ਮੁਹਾਲੀ ਦੇ ਸੈਕਟਰ 70 ਮਟੌਰ ਪੁਲੀਸ ਥਾਣੇ ਤੋਂ ਐਡੀਸ਼ਨਲ ਐੱਸ. ਐੱਚ. ਓ. ਫਤਿਹ ਫਕੀਰ ਸਿੰਘ ਵੀ ਆਇਆ ਸੀ ਅਤੇ ਕਹਿਣ ਲੱਗਾ ਕਿ ਉਨ੍ਹਾਂ ਕੋਲ ਵੀ. ਆਈ. ਪੀ. ਪ੍ਰਧਾਨ ਮੰਤਰੀ ਦੇ ਸਿਆਸੀ ਸਲਾਹਕਾਰ ਨੇ ਆਉਣਾ ਹੈ। ਇਸ ਸੰਬੰਧੀ ਸੁਰੱਖਿਆ ਪ੍ਰਬੰਧ ਕੀਤੇ ਜਾਣੇ ਹਨ। ਇਸ ਤੋਂ ਬਾਅਦ ਉਨ੍ਹਾਂ (ਗੋਇਲ) ਵੱਲੋਂ ਹਲਕਾ ਵਿਧਾਇਕ ਬਲਬੀਰ ਸਿੰਘ ਸਿੱਧੂ ਨੂੰ ਵੀ ਇਤਲਾਹ ਦੇ ਕੇ ਮੌਕੇ 'ਤੇ ਬੁਲਾਇਆ ਸੀ, ਜਿਨ੍ਹਾਂ ਵੱਲੋਂ ਉਨ੍ਹਾਂ ਦੀ ਦੁਕਾਨ 'ਤੇ ਆਏ ਇਨ੍ਹਾਂ ਸਾਰਿਆਂ ਦਾ ਸੁਆਗਤ ਕੀਤਾ ਗਿਆ ਸੀ। ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦਾ ਸਲਾਹਕਾਰ ਦੱਸਣ ਵਾਲੇ ਵਿਅਕਤੀ ਦੇ ਨਾਲ 10-12



ਵਿਅਕਤੀ ਹੋਰ ਸਨ, ਜਿਨ੍ਹਾਂ ਵਿੱਚ ਇੱਕ ਵਿਅਕਤੀ ਸਾਧੂ ਭੇਸ ਵਿੱਚ ਸੀ, ਜਿਸ ਨੂੰ ਉਹ ਸੁਆਮੀ ਦੱਸ ਰਹੇ ਸਨ।

ਦੂਜੇ ਪਾਸੇ ਇਸ ਸੰਬੰਧੀ ਸੰਪਰਕ ਕਰਨ 'ਤੇ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਇਸ ਸੰਬੰਧੀ ਪੰਜਾਬ ਦੇ ਏ. ਡੀ. ਜੀ. ਪੀ. (ਸੁਰੱਖਿਆ) ਵੱਲੋਂ ਜ਼ਿਲ੍ਹਾ ਪੁਲੀਸ ਨੂੰ ਫੈਕਸ ਭੇਜ ਕੇ ਵੀ. ਆਈ. ਪੀ. ਮਨਮੋਹਨ ਸਿੰਘ ਦੀ ਸੁਰੱਖਿਆ ਸੰਬੰਧੀ ਸੁਰੱਖਿਆ ਇੰਤਜ਼ਾਮ ਕਰਨ ਦੀ ਹਦਾਇਤ ਕੀਤੀ ਸੀ ਅਤੇ ਰੁਟੀਨ ਵਿੱਚ ਜਦੋਂ ਵੀ ਅਜਿਹੇ ਹੁਕਮ ਆਉਂਦੇ ਹਨ ਉਸ ਅਨੁਸਾਰ ਸੁਰੱਖਿਆ ਪ੍ਰਬੰਧ ਕਰਨੇ ਪੁਲੀਸ ਦੀ ਡਿਊਟੀ ਬਣ ਜਾਂਦੀ ਹੈ। ਇਸ ਵਾਰ ਵੀ ਅਜਿਹਾ ਹੀ ਹੋਇਆ ਸੀ।

ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਸੰਪਰਕ ਕਰਨ 'ਤੇ ਕਿਹਾ ਕਿ ਇਸ ਵਿਅਕਤੀ ਦੀ ਅਸਲੀਅਤ ਬਾਰੇ ਤਾਜ਼ਾ ਜਾਣਕਾਰੀ ਮਿਲਣ ਤੋਂ ਉਹ ਖ਼ੁਦ ਵੀ ਹੈਰਾਨ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਾਂ ਫੇਜ਼ 3 ਬੀ 2 ਦੇ ਕੱਪੜਾ ਵਪਾਰੀ ਰਮੇਸ਼ ਗੋਇਲ ਨੇ ਇਤਲਾਹ ਦੇ ਕੇ ਮੌਕੇ 'ਤੇ ਸੱਦਿਆ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਰਕਾਰ ਦੀ ਪੂਰੀ ਕਾਰਗੁਜ਼ਾਰੀ 'ਤੇ ਹੀ ਸਵਾਲੀਆ ਨਿਸ਼ਾਨ ਲਗਾਉਂਦਾ ਹੈ ਅਤੇ ਇਸ ਗੱਲ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਫਰਜ਼ੀ ਸਲਾਹਕਾਰ ਦੀ ਜੰਮੂ-ਕਸ਼ਮੀਰ ਪੁਲੀਸ ਵੱਲੋਂ ਕੀਤੀ ਗ੍ਰਿਫ਼ਤਾਰੀ ਨੇ ਪੰਜਾਬ ਦੇ ਖੁਫੀਆ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਕਾਂਗਰਸੀਆਂ ਨੇ ਤਾਂ ਇਸ ਅਖੌਤੀ ਸਲਾਹਕਾਰ ਦੀ ਆਓ ਭਗਤ ਲਈ ਭੱਜ ਨੱਠ ਕੀਤੀ ਸੀ, ਸਗੋਂ ਖੁਫੀਆ ਵਿਭਾਗ ਵੀ ਇਸ ਫਰਜ਼ੀ ਸਲਾਹਕਾਰ ਦਾ ਕੋਈ ਭੇਤ ਨਹੀਂ ਲਗਾ ਸਕਿਆ।

ਇਸ ਮਾਮਲੇ ਵਿੱਚ ਇਨ੍ਹਾਂ ਦੋਨਾਂ ਵਿਭਾਗਾਂ ਦੇ ਜ਼ਿੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਹੋ ਸਕਦੀ ਹੈ। ਹਾਲਾਂ ਕਿ ਇਹ ਗਲਤੀ ਸਕਿਊਰਟੀ ਵਿੰਗ ਦੇ ਅਧਿਕਾਰੀਆਂ ਤੋਂ ਹੋਈ ਹੈ। ਉਨ੍ਹਾਂ ਨੇ ਇਸ ਮਾਮਲੇ ਦੀ ਜਾਣਕਾਰੀ ਇੰਟੈਲੀਜੈਂਸ ਵਿੰਗ ਨੂੰ ਦਿੱਤੇ ਬਗੈਰ ਹੀ ਮਨਮੋਹਨ ਸਿੰਘ ਨੂੰ ਸਕਿਊਰਟੀ ਪ੍ਰਦਾਨ ਕੀਤੀ।




ਮਰਦਾਨਾ ਰੋਗਾਂ ਦਾ ਸਹੀ ਹੱਲ

ਕਦੇ-ਕਦੇ 45-50 ਸਾਲ ਦੇ ਮਰਦਾਂ ਦੀ ਸੈਕਸ ਲਾਈਫ ਵਿੱਚ ਅਚਾਨਕ ਬ੍ਰੇਕ ਜਿਹੀ ਲੱਗ ਜਾਂਦੀ ਹੈ। ਜਦ ਕਿ ਉਨ੍ਹਾਂ ਦਾ ਸੈਕਸ ਜੀਵਨ ਵਿਆਹ ਤੋਂ ਬਾਅਦ 20-25 ਸਾਲਾਂ ਤੱਕ ਬਹੁਤ ਵਧੀਆ ਚੱਲ ਰਿਹਾ ਹੁੰਦਾ ਹੈ। ਪਰ ਅਚਾਨਕ ਉਨ੍ਹਾਂ ਨੂੰ ਆਪਣੀ ਸੈਕਸ ਪ੍ਰਕਿਰਿਆ ਵਿੱਚ ਅਧੂਰਾਪਣ ਮਹਿਸੂਸ ਹੋਣ ਲੱਗਦਾ ਹੈ, ਜਿਸ ਤੋਂ ਘਬਰਾ ਕੇ ਕੁਝ ਪੁਰਸ਼ ਆਪਣੇ ਦੋਸਤਾਂ ਦੀ ਸਲਾਹ ਤੇ ਜਾਂ ਕੈਮਿਸਟਾਂ ਦੇ ਕਹਿਣ ਤੇ ਬਜ਼ਾਰ ਵਿੱਚ ਮੌਜੂਦ ਤਰ੍ਹਾਂ-ਤਰ੍ਹਾਂ ਦੇ ਨਾਂ ਵਾਲੀਆਂ ਦਵਾਈਆਂ ਇਸਤੇਮਾਲ ਕਰਨ ਲੱਗ ਪੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਮਰਦਾਨਾ ਕਮਜ਼ੋਰੀ ਵਿੱਚ ਤਾਂ ਕੋਈ ਸੁਧਾਰ ਨਹੀਂ ਹੁੰਦਾ, ਉਲਟਾ ਹੋਰ ਕਈ ਤਰ੍ਹਾਂ ਦੀਆਂ ਸਰੀਰਕ ਤੇ ਦਿਮਾਗੀ ਪਰੇਸ਼ਾਨੀਆਂ ਪੈਦਾ ਹੋਣ ਲੱਗ ਪੈਂਦੀਆਂ ਹਨ। ਇਹੋ ਜਿਹੇ ਹਾਲਾਤ ਵਿੱਚ ਪੁਰਸ਼ਾਂ ਨੂੰ ਚਾਹੀਦਾ ਹੈ ਕਿ ਉਹ ਬਜਾਰੂ ਦਵਾਈਆਂ ਨਾ ਲੈਣ ਅਤੇ ਕਿਸੇ **ਕਵਾਲੀਫਾਈਡ ਡਾਕਟਰ** ਕੋਲੋਂ ਸਲਾਹ ਲੈ ਕੇ ਆਪਣਾ ਇਲਾਜ ਕਰਵਾਉਣ, ਕਿਉਂਕਿ 45-50 ਸਾਲ ਦੀ ਉਮਰ ਵਿੱਚ ਆਮਤੌਰ ਤੇ ਪੁਰਸ਼ਾਂ ਦੇ ਖੂਨ ਵਿੱਚ **ਹਾਰਮੋਨਸ, ਕੈਲੋਸਟਰੋਲ ਅਤੇ ਟ੍ਰਾਈਗਿਲਸ ਰਾਈਡਸ** ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਉਨ੍ਹਾਂ ਦੀ ਖੂਨ ਦੀ ਸਪਲਾਈ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਪੁਰਸ਼ਾਂ ਦੇ ਗੁਪਤ ਅੰਗ ਦੀਆਂ ਮਾਸਪੇਸ਼ੀਆਂ ਵਿੱਚ ਬਰੀਕ ਨਸਾਂ ਅੱਧੀਆਂ-ਅੱਧੀਆਂ ਬੰਦ ਹੋ ਜਾਂਦੀਆਂ ਹਨ, ਜਿਸ ਨਾਲ ਮਰਦਾਨਾ ਕਮਜ਼ੋਰੀ ਦਾ ਅਹਿਸਾਸ ਹੁੰਦਾ ਹੈ। ਇਸ ਹਾਲਾਤ ਤੋਂ ਛੁਟਕਾਰਾ ਪਾਉਣ ਲਈ ਸਹੀ ਇਲਾਜ ਅਤੇ ਸਹੀ ਖੁਰਾਕ ਦੀ ਜ਼ਰੂਰਤ ਹੁੰਦੀ ਹੈ। ਹਮੇਸ਼ਾ ਯਾਦ ਰੱਖੋ।

ਡਾ. ਬੰਗਾਲੀ ਕਲੀਨਿਕ

Dr. A. Kumar B.A.M.S.

ਨਰਿੰਦਰ ਸਿਨੇਮਾ ਦੇ ਪਿੱਛੇ, ਨੇੜੇ ਬੱਸ ਸਟੈਂਡ, ਜਲੰਧਰ

Mob. 0091-94172-39394

Email-info@drbengali.com www.drbengali.com